ਸੋਸਾਇਟੀ ਫਾਰ ਪ੍ਰੋਮੋਸ਼ਨ ਆਫ ਕੋਆਲਿਟੀ ਐਜੂਕੇਸ਼ਨ ਫਾਰ ਪੂਅਰ ਐਂਡ
ਮੈਰੀਟੋਰੀਅਸ ਸਟੂਡੈਂਟਸ ਆਫ ਪੰਜਾਬ
ਪੰਜਵੀਂ ਮੰਜ਼ਿਲ, ਬਲਾਕ ਈ, ਵਿੱਦਿਆ ਭਵਨ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਮੋਹਾਲੀ (ਪੰਜਾਬ)
ਫੋਨ ਨੰ.0172-5212367 ਈਮੇਲ- meritorious.punjab@punjabeducation.gov.in

ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)
ਪੰਜਾਬ।

ਮੀਮੋ ਨੰ:- ਐਮ.ਐਸ/.ਐਡਮਿੰਨ/38477/341(ਬੀ)/2025/ 155600 - 155625

ਮਿਤੀ-: 04 06/2025

ਵਿਸ਼ਾ:- **ਮੈਰੀਟੋਰੀਅਸ ਸਕੂਲਾਂ ਵਿੱਚ ਅਕਾਦਮਿਕ ਸੈਸ਼ਨ 2025-26 ਲਈ ਗਿਆਰਵੀਂ ਜਮਾਤ ਦੇ ਦਾਖਲੇ ਹਿੱਤ ਕਾਊਂਸਲਿੰਗ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਮੈਰੀਟੋਰੀਅਸ ਸਕੂਲਾਂ ਵਿੱਚ ਗਿਆਰਵੀਂ ਜਮਾਤ ਲਈ ਦਾਖਲਾ ਪ੍ਰਾਪਤ ਕਰਨ ਹਿੱਤ ਯੋਗ ਉਮੀਦਵਾਰਾਂ ਦੀ ਕਾਊਂਸਲਿੰਗ ਪੰਜਾਬ ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਿਤੀ 10.06.2025 ਤੋਂ ਨਾਲ ਨੱਥੀ ਲਿਸਟ ਅਨੁਸਾਰ ਅੰਕਿਤ ਸੰਸਥਾਵਾਂ ਵਿੱਚ ਕਰਵਾਈ ਜਾਵੇਗੀ। ਇਸ ਦੇ ਨਾਲ ਹੀ ਹਰ ਜ਼ਿਲ੍ਹੇ ਲਈ ਨਿਗਰਾਨ ਅਫਸਰ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਦੀ ਲਿਸਟ ਵੀ ਨਾਲ ਨੱਥੀ ਹੈ। ਨਿਗਰਾਨ ਅਫਸਰ ਵੱਲੋਂ ਆਪਣੇ ਜ਼ਿਲ੍ਹੇ ਨਾਲ ਸਬੰਧਤ ਸੈਂਟਰ/ਸਕੂਲ/ਸੰਸਥਾ ਗਠਿਤ ਕੀਤੀ ਕਾਊਂਸਲਿੰਗ ਕਮੇਟੀ ਨੂੰ supervision ਕੀਤਾ ਜਾਵੇਗਾ। ਕਾਊਂਸਲਿੰਗ ਕਮੇਟੀ ਆਪਣੇ ਜ਼ਿਲ੍ਹੇ ਵਿੱਚ ਦਾਖਲੇ ਹਿੱਤ ਕਾਊਂਸਲਿੰਗ ਲਈ ਆਏ ਉਮੀਦਵਾਰਾਂ ਦੀ ਮੈਰੀਟੋਰੀਅਸ ਸੁਸਾਇਟੀ ਵੱਲੋਂ ਮਿਤੀ 04.05.2023 ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਹਿੱਤ ਜਾਰੀ ਕੀਤੀ ਅਧਿਸੂਚਨਾ (ਦਾਖਲਾ ਪਾਲਿਸੀ) ਅਨੁਸਾਰ ਡਾਕੂਮੈਂਟ ਵੈਰੀਫਾਈ ਕਰਨ ਲਈ ਜਿੰਮੇਵਾਰ ਹੋਵੇਗੀ। ਜੇਕਰ ਕਿਸੇ ਅਜਿਹੇ ਉਮੀਦਵਾਰ ਨੂੰ ਦਾਖਲਾ ਦਿੱਤਾ ਜਾਂਦਾ ਹੈ, ਜੋ ਅਧਿਸੂਚਨਾ ਅਨੁਸਾਰ ਅਯੋਗ ਹੋਵੇ, ਤਾਂ ਇਸ ਦੀ ਪੂਰੀ ਜਿੰਮੇਵਾਰੀ ਕਾਊਂਸਲਿੰਗ ਟੀਮ ਦੀ ਹੋਵੇਗੀ। ਇਸ ਤੋਂ ਇਲਾਵਾ ਉਹ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਰਾਬਤਾ ਕਾਇਮ ਕਰਕੇ ਕਾਊਂਸਲਿੰਗ ਲਈ ਤੈਅ ਸਕੂਲ/ਸੰਸਥਾ ਵਿੱਚ ਕਾਊਂਸਲਿੰਗ ਦਾ ਢੁਕਵਾ ਪ੍ਰਬੰਧ ਕਰਵਾਉਣਾ ਯਕੀਨੀ ਬਣਾਉਣਗੇ।

1.1 ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੇ ਦਸਵੀਂ ਜਮਾਤ ਪਾਸ ਕਰਨ ਸਮੇਂ ਘੱਟੋ ਘੱਟ 65% ਅੰਕ ਅਤੇ ਬਾਕੀ ਸਭ ਕੈਟਾਗਰੀ ਦੇ ਉਮੀਦਵਾਰਾਂ ਦੇ ਘੱਟੋ ਘੱਟ 70% ਅੰਕ ਹੋਣੇ ਚਾਹੀਦੇ ਹਨ, ਦਸਵੀਂ ਜਮਾਤ ਵਿੱਚ ਇਸ ਤੋਂ ਘੱਟ ਅੰਕਾਂ ਵਾਲੇ ਉਮੀਦਵਾਰਾਂ ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਾ ਵਿਚਾਰਿਆ ਜਾਵੇ।

1.2 ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਨਤਾ ਪ੍ਰਾਪਤ ਪ੍ਰਾਈਵੇਟ ਅਤੇ ਪੰਜਾਬ ਸਰਕਾਰ ਤੋਂ ਸਹਾਇਤਾ ਪ੍ਰਾਪਤ ਸਕੂਲਾਂ ਦੇ ਉਮੀਦਵਾਰਾਂ ਲਈ ਆਟਾ ਦਾਲ ਸਕੀਮ ਤਹਿਤ 10% ਸੀਟਾਂ ਰਾਖਵੀਆਂ ਹਨ। ਇਨ੍ਹਾਂ ਉਮੀਦਵਾਰਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ ਨਵੀਨਤਮ (ਛੇ ਮਹੀਨੇ ਤੋਂ ਪੁਰਾਣਾ ਨਾ ਹੋਵੇ) ਆਟਾ ਦਾਲ ਸਮਾਰਟ ਕਾਰਡ ਲਾਜਮੀ ਤੌਰ ਤੇ ਹੋਵੇ, ਪੁਰਾਣਾ ਹੋਣ ਦੀ ਸੂਰਤ ਵਿੱਚ ਸਮਰੱਥ ਅਧਿਕਾਰੀ ਤੋਂ ਮਿਤੀ/ਮੋਹਰ ਸਮੇਤ ਕਾਊਂਟਰ-ਸਾਇਨ ਕਰਵਾਇਆ ਹੋਵੇ। ਅਜਿਹਾ ਨਾ ਹੋਣ ਤੇ ਮੈਰੀਟੋਰੀਅਸ ਸਕੂਲਾਂ ਵਿੱਚ ਦਾਖਲੇ ਲਈ ਨਾ ਵਿਚਾਰਿਆ ਜਾਵੇ।

1.3 ਸਰੀਰਕ ਪੱਖੋਂ ਵਿਕਲਾਂਗ female ਉਮੀਦਵਾਰਾਂ ਲਈ 10% ਸੀਟਾਂ ਅਤੇ ਵਿਕਲਾਂਗ male ਉਮੀਦਵਾਰਾਂ ਲਈ 5% ਸੀਟਾਂ ਰਾਖਵੀਆਂ ਹਨ। ਅਜਿਹੇ ਉਮੀਦਵਾਰਾਂ ਕੋਲ ਸਮਰੱਥ ਅਧਿਕਾਰੀ ਵੱਲੋਂ ਜਾਰੀ 40% ਜਾਂ ਇਸ ਤੋਂ ਵੱਧ ਵਿਕਲਾਂਗਤਾ ਦਾ ਪ੍ਰਮਾਣਿਤ ਸਰਟੀਫਿਕੇਟ ਹੋਵੇ। ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਵਿਕਲਾਂਗਤਾ ਦਾ ਕਲੇਮ ਨਾ ਵਿਚਾਰਿਆ ਜਾਵੇ।

1.4 Women Headed Household ਕੈਟਾਗਰੀ ਤਹਿਤ 20% ਰਾਖਵਾਂਕਰਨ ਕੇਵਲ ਉਨ੍ਹਾਂ ਲੜਕੀਆਂ ਨੂੰ ਹੀ ਦਿੱਤਾ ਜਾਵੇ, ਜਿਨ੍ਹਾਂ ਕੋਲ ਮੈਰੀਟੋਰੀਅਸ ਸੁਸਾਇਟੀ ਦੇ ਨੋਟੀਫਿਕੇਸ਼ਨ ਅਨੁਸਾਰ ਸਮਰੱਥ ਅਧਿਕਾਰੀ ਦੁਆਰਾ ਜਾਰੀ ਕੀਤਾ ਪ੍ਰਮਾਣਿਤ ਸਰਟੀਫਿਕੇਟ ਹੋਵੇ।

1.5 ਮੈਰਿਟ ਲਿਸਟ ਵਿੱਚ ਜਿਨ੍ਹਾਂ ਉਮੀਦਵਾਰਾਂ ਦਾ ਨਤੀਜਾ conditionally Qualified ਘੋਸ਼ਿਤ ਕੀਤਾ ਗਿਆ ਹੈ, ਉਨ੍ਹਾਂ ਉਮੀਦਵਾਰਾਂ ਦਾ ਦਸਵੀਂ ਜਮਾਤ ਨਤੀਜਾ (ਪਾਸ ਪ੍ਰਤੀਸ਼ਤ) ਜਰੂਰ ਚੈੱਕ ਕੀਤਾ ਜਾਵੇ ਅਤੇ ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਐਸ.ਸੀ./ਐਸ.ਟੀ. ਕੈਟਾਗਰੀ ਨਾਲ ਸਬੰਧਤ ਉਮੀਦਵਾਰਾਂ ਦੇ ਦਸਵੀਂ ਜਮਾਤ ਪਾਸ ਕਰਨ ਸਮੇਂ ਘੱਟੋਂ ਘੱਟ 65% ਅੰਕ ਅਤੇ ਬਾਕੀ ਸਭ ਕੈਟਾਗਰੀ ਦੇ ਉਮੀਦਵਾਰਾਂ ਦੇ ਘੱਟੋ ਘੱਟ 70% ਅੰਕ ਪ੍ਰਾਪਤ ਕੀਤੇ ਹਨ। ਦਸਵੀਂ ਜਮਾਤ ਵਿੱਚ ਇਸ ਤੋਂ ਘੱਟ ਅੰਕ ਵਾਲੇ ਉਮੀਦਵਾਰ ਨੂੰ ਮੈਰੀਟੋਰੀਅਸ ਸਕੂਲਾਂ ਦੇ ਦਾਖਲੇ ਲਈ ਨਾ ਵਿਚਾਰਿਆ ਜਾਵੇ।

1.6 ਕਾਊਂਸਲਿੰਗ ਦੌਰਾਨ ਸੀਟ ਪ੍ਰਾਪਤ ਕਰਨ ਵਾਲਾ ਉਮੀਦਵਾਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ 2 ਦਿਨਾਂ ਦੇ ਅੰਦਰ ਅੰਦਰ ਅਲਾਟ ਹੋਏ ਸਕੂਲ ਵਿੱਚ ਰਿਪੋਰਟ ਕਰੇ। ਜੇਕਰ ਉਹ 2 ਦਿਨਾਂ ਅੰਦਰ ਅਲਾਟ ਹੋਏ ਸਕੂਲ ਵਿੱਚ ਰਿਪੋਰਟ ਨਹੀਂ ਕਰੇਗਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਮੈਰੀਟੋਰੀਅਸ ਸਕੂਲ ਵਿੱਚ ਦਾਖਲਾ ਪ੍ਰਾਪਤ ਕਰਨ ਦਾ ਇਛੁੱਕ ਨਹੀਂ ਹੈ ਅਤੇ ਅਜਿਹੀ ਸਥਿਤੀ ਵਿੱਚ ਉਸ ਦੀ ਸੀਟ ਨੂੰ ਖਾਲੀ ਸਮਝਿਆ ਜਾਵੇਗਾ।

ਇਸ ਦੇ ਨਾਲ ਹੀ ਮੈਰੀਟੋਰੀਅਸ ਸਕੂਲ ਦੇ ਦਾਖਲੇ ਸਬੰਧੀ ਜਾਰੀ ਅਧਿਸੂਚਨਾ ਮਿਤੀ 04.05.2023 (ਨਾਲ ਨੱਥੀ)ਅਨੁਸਾਰ ਉਮੀਦਵਾਰ ਨੂੰ ਦਾਖਲਾ ਦੇਣ ਸਬੰਧੀ ਬਾਕੀ ਸ਼ਰਤਾਂ ਵੀ ਵੇਖ ਲਈਆਂ ਜਾਣ। ਇਸ ਤੋਂ ਇਲਾਵਾ ਕਿਸੇ ਸਹਾਇਤਾ ਲਈ www.meritoriousschools.com ਤੇ ਉਪਲੱਬਧ ਹੈਲਪਲਾਈਨ ਨੰਬਰਾਂ ਤੇ ਸੰਪਰਕ ਕਰਿਆ ਜਾ ਸਕਦਾ ਹੈ।

2.0 ਕਿਸੇ ਵੀ ਜ਼ਿਲ੍ਹੇ ਦੇ ਉਮੀਦਵਾਰ ਨੂੰ ਕਿਸੇ ਵੀ ਜ਼ਿਲ੍ਹੇ ਵਿੱਚ ਮੈਰੀਟੋਰੀਅਸ ਸਕੂਲ/ਕਾਊਂਸਲਿੰਗ ਸੈਂਟਰ ਵਿਖੇ ਦਾਖਲੇ ਹਿੱਤ ਕਾਊਂਸਲਿੰਗ ਲਈ ਹਾਜਰ ਹੋਣ ਦੀ ਪ੍ਰਵਾਨਗੀ ਦਿੱਤੀ ਜਾਵੇ।

ਸਹਾਇਕ ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ

**ਪਿੱਠ ਅੰਕਣ ਨੰ. ਉਕਤ** ਮਿਤੀ:ਉਕਤ

**ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-:**

1. ਡਿਪਟੀ ਐੱਸ.ਪੀ.ਡੀ.,ਐਮ.ਆਈ.ਐਸ. ਸ਼ਾਖਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਹ ਜ਼ਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਨਾਲ ਰਾਬਤਾ ਕਾਇਮ ਕਰਦੇ ਜ਼ਿਲ੍ਹੇ ਵਿੱਚ ਕਾਊਂਸਲਿੰਗ ਦਾ ਢੁਕਵਾ ਪ੍ਰਬੰਧ ਕਰਵਾਉਣ।
2. ਸਮੂਹ ਪ੍ਰਿੰਸੀਪਲ, ਮੈਰੀਟੋਰੀਅਸ ਸਕੂਲ ਨੂੰ ਆਪਣੇ ਜ਼ਿਲ੍ਹੇ ਦੇ ਜ਼ਿਲ੍ਹਾ ਸਿੱਖਿਆ ਅਫਸਰ ਨਾਲ ਤਾਲਮੇਲ ਕਰਕੇ ਲੋੜੀਦੇ ਪ੍ਰਬੰਧ ਕਰਨ ਹਿੱਤ।
3. ਕੰਪਿਊਟਰ ਫੈਕਲਟੀ ਮੈਰੀਟੋਰੀਅਸ ਸਕੂਲਾਂ ਨੂੰ ਸੂਚਨਾ ਅਤੇ ਉਮੀਦਵਾਰਾਂ ਦੀ ਕਾਊਂਸਲਿੰਗ ਵਿੱਚ ਸਹਾਇਤਾ ਕਰਨ ਹਿੱਤ।

ਸਹਾਇਕ ਪ੍ਰੋਜੈਕਟ ਡਾਇਰੈਕਟਰ
ਮੈਰੀਟੋਰੀਅਸ ਸੁਸਾਇਟੀ